**Panel 10- Cover page**

# ਗੱਲਬਾਤ ਬਾਰੇ
## ਆਪਣੇ ਬੱਚੇ ਦੇ ਨਾਲ ਗੱਲ੍ਹਾਂ ਕਰਨ ਦੇ ਲਈ ਰਾਹਨੁਮਾਈ ਪੁਸਤਕ

ਟੋਰਾਂਟੋ ਪ੍ਰੀ-ਸਕੂਲ ਬੋਲਣ ਅਤੇ ਭਾਸ਼ਾ ਦੀਆਂ ਸੇਵਾਵਾਂ ਭਾਈਚਾਰੇ ਦੇ ਸਹਿਯੋਗ ਨਾਲ ਪੇਸ਼ ਹੈ ਇਹ ਨਵਜੰਮੇ ਸ਼ਿਸ਼ੂ, ਸ਼ਿਸ਼ੂ, ਅਤੇ ਪ੍ਰੀ-ਸਕੂਲ ਦੇ ਬੱਚਿਆਂ ਦੇ ਲਈ ਬੋਲਣ ਅਤੇ ਭਾਸ਼ਾ ਦੀਆਂ ਸੇਵਾਵਾਂ

**Panel 1**

ਟੋਰਾਂਟੋ ਪ੍ਰੀ-ਸਕੂਲ ਸਪੀਚ ਅਤੇ ਲੈਂਗੁਏਜ਼ ਸੇਵਾਵਾਂ ਕਿਸਤਰ੍ਹਾਂ ਸਹਾਇਤਾ ਕਰ ਸਕਦਾ ਹੈ?

ਇਹ ਪੁਸਤਕ ਤੁਹਾਨੂੰ ਦੱਸਦੀ ਹੈ ਕਿ ਜ਼ਿਆਦਾਤਰ ਬੱਚੇ ਅਲੱਗ-ਅਲੱਗ ਉਮਰ ਵਿੱਚ ਕਿਸਤਰ੍ਹਾਂ ਆਪਣੇ-ਆਪ ਨੂੰ ਦਰਸਾਉਣਾ ਅਤੇ ਪ੍ਰਤੀਕਿਰਿਆ ਦਿਖਾਉਣਾ ਸਿੱਖਦੇ ਹਨ। ਕੁਝ ਬੱਚਿਆਂ ਨੂੰ, ਆਪਣੇ ਹਮ-ਉਮਰ ਬੱਚਿਆਂ ਦੀ ਤੁਲਨਾ ਵਿੱਚ ਆਪਣੇ ਆਪ ਨੂੰ ਦਰਸਾਉਣਾ ਸਿੱਖਣ ਵਿੱਚ ਕਠਨਾਈ ਹੋ ਸਕਦੀ ਹੈ। ਅਸੀਂ ਤੁਹਾਨੂੰ, ਤੁਹਾਡੇ ਬੱਚੇ ਦੀਆਂ ਦਰਸਾਉਣ ਦੀਆਂ ਜ਼ਰੂਰਤਾਂ ਨੂੰ ਸਮਝਣ ਵਿੱਚ ਸਹਾਇਤਾ ਕਰ ਸਕਦੇ ਹਾਂ। ਜੇਕਰ ਤੁਹਾਡੇ ਬੱਚੇ ਨੂੰ ਬੋਲਣ ਅਤੇ ਭਾਸ਼ਾ ਦੀ ਕੁਸ਼ਲਤਾ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਟੋਰਾਂਟੋ ਪ੍ਰੀ-ਸਕੂਲ ਬੋਲਣ ਅਤੇ ਭਾਸ਼ਾ ਦੀਆਂ ਸੇਵਾਵਾਂ ਤੁਹਾਡੇ ਲਈ ਹੇਠਾਂ ਲਿਖੀਆਂ ਗੱਲਾਂ ਕਰ ਸਕਦਾ ਹੈ :

- ਤੁਹਾਡੇ ਬੱਚੇ ਦੀਆਂ ਦਰਸਾਉਣ ਦੀਆਂ ਜ਼ਰੂਰਤਾਂ ਦਾ ਅੰਦਾਜ਼ਾ ਲਗਾ ਸਕਦਾ ਹੈ
- ਤੁਹਾਡੇ ਬੱਚੇ ਦੀ ਸਹਾਇਤਾ ਕਰਨ ਦੇ ਤੌਰ-ਤਰੀਕੇ ਦੱਸ ਸਕਦਾ ਹੈ
- ਤੁਹਾਡੇ ਬੱਚੇ ਦੀ ਬੋਲਣ ਅਤੇ ਭਾਸ਼ਾ ਦੇ ਕਾਰਜਕ੍ਰਮ ਵਿੱਚ ਸਹਾਇਤਾ ਕਰ ਸਕਦਾ ਹੈ, ਇਕੱਲੇ ਜਾਂ ਢਾਣੀ ਦੇ ਨਾਲ
- ਤੁਹਾਡੇ ਬੱਚੇ ਦੀ ਦੇਖਭਾਲ ਕਰਨ ਵਾਲੇ ਨੂੰ ਸਲਾਹ ਦੇ ਸਕਦਾ ਹੈ, ਜੇਕਰ ਤੁਹਾਡੇ ਬੱਚਾ ਚਾਈਲਡ ਕੇਅਰ ਸੈਂਟਰ ਜਾਂਦਾ ਹੈ ਜਾਂ ਕਮਿਊਨਿਟੀ ਵਾਲੀ ਸੰਸਥਾ ਵਿੱਚ ਘੱਟ ਉਮਰ ਵਿੱਚ ਸਿੱਖਣ ਦੇ ਕਿਸੇ ਕਾਰਜਕ੍ਰਮ ਵਿੱਚ ਭਾਗ ਲੈਂਦਾ ਹੈ

ਹਰ ਬੱਚਾ ਦੂਸਰਿਆਂ ਤੋਂ ਅਲੱਗ ਹੁੰਦਾ ਹੈ ਅਤੇ ਹਰ ਬੱਚੇ ਦਾ ਦਰਸਾਉਣਾ ਸਿੱਖਣ ਦਾ ਤਰੀਕਾ ਅਲੱਗ-ਅਲੱਗ ਹੁੰਦਾ ਹੈ। ਫੇਰ ਵੀ, ਜੇਕਰ ਤੁਹਾਨੂੰ ਲੱਗਦਾ ਹੈ, ਤਾਂ ਕ੍ਰਿਪਾ ਕਰਕੇ ਸਾਡੀ ਜਾਣਕਾਰੀ ਅਤੇ ਰਿਫਰਲ ਲਾਈਨ ਨੂੰ 416-338-8255 ਤੇ ਫੋਨ ਕਰੋ।

**Panel 2**

**ਸ਼ਿਸ਼ੂ (0-24 ਮਹੀਨੇ) ਆਵਾਜ ਅਤੇ ਧੁਨੀ ਸੁਣਕੇ ਬੋਲਣਾ ਸਿੱਖਦੇ ਹਨ। ਸ਼ਿਸ਼ੂ, ਜਲਦ ਹੀ ਆਵਾਜ ਕੱਢਣਾ ਸਿੱਖਦੇ ਹਨ, ਤੁਹਾਨੂੰ ਇਹ ਦੱਸਣ ਲਈ ਕਿ ਉਹ ਕਿਸਤਰ੍ਹਾਂ ਮਹਿਸੂਸ ਕਰ ਰਹੇ ਹਨ ਜਾਂ ਉਹਨਾਂ ਕੀ ਚਾਹੀਦਾ ਹੈ। ਸ਼ਿਸ਼ੂ ਆਪਣੀ ਰਫਤਾਰ ਨਾਲ ਵਿਕਸਤ ਹੁੰਦੇ ਹਨ। ਕੁਝ ਸ਼ਿਸ਼ੂ ਬਹੁਤ ਘੱਟ ਉਮਰ ਵਿੱਚ ਕੁਝ ਕਰਨਾ ਕੁਝ ਕਰਨਾ ਸਿੱਖਦੇ ਹਨ, ਅਤੇ ਕੁਝ ਸ਼ਿਸ਼ੂ ਕੁਝ ਜਿਆਦਾ ਸਮਾਂ ਲੈਂਦੇ ਹਨ।**

**ਬਹੁਤ ਘੱਟ ਉਮਰ ਦੇ ਬੱਚੇ (3 ਮਹੀਨੇ ਦੀ ਉਮਰ ਤੱਕ) ਇਹ ਕਰਨਗੇ :**
- ਆਵਾਜ ਕੱਢਣਗੇ (ਉਦਾਹਰਣ, ਕੂ ਕੂ ਜਾਂ ਗਰਗਲ)
- ਆਵਾਜ ਦੇ ਵੱਲ ਵਧਣਗੇ
- ਤੇਜ ਆਵਾਜ ਤੇ ਉਛਲਣਗੇ
- ਤੁਹਾਡੇ ਧੀਮੀ ਆਵਾਜ ਵਿੱਚ ਗੱਲ ਕਰਨ ਤੇ ਸ਼ਾਤ ਹੋ ਜਾਣਗੇ
- ਤੁਹਾਨੂੰ ਦੇਖਕੇ ਮੁਸਕਰਾਉਣਗੇ

**6 ਮਹੀਨੇ ਦੀ ਉਮਰ ਤੱਕ ਜਿਆਦਾਤਰ ਬੱਚੇ ਇਹ ਕਰਨਗੇ :**
- ਜਦੋਂ ਤੁਸੀਂ ਗੱਲ ਕਰੋ ਤਾਂ ਤੁਹਾਡਾ ਚਿਹਰਾ ਦੇਖਣਗੇ
- ਭੁੱਖੇ ਹੋਣ ਤੇ ਅਲੱਗ ਤਰ੍ਹਾਂ ਰੋਣਗੇ
- ਤੁਹਾਡਾ ਧਿਆਨ ਖਿੱਚਣ ਦੇ ਲਈ ਆਵਾਜ ਕੱਢਣਗੇ
- ਤੁਹਾਡੇ ਗੱਲ ਕਰਨ ਨਾਲ ਆਵਾਜ ਕੱਢਣਗੇ
- ਤੁਹਾਨੂੰ ਅਤੇ ਤੁਹਾਡੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਦੇਖ ਕੇ ਮੁਸਕਰਉਣਗੇ

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ :*
ਤੁਹਾਡਾ ਬੱਚਾ ਤੁਹਾਡੀ ਆਵਾਜ ਜਾਂ ਹੋਰ ਮੈਬਰਾਂ ਤੇ ਪ੍ਰਤੀਕਿਰਿਆ ਨਹੀਂ ਦਿਖਾਉਂਦਾ।
ਜਾਗਦੇ ਹੋਏ ਵੀ ਆਵਾਜ ਨਹੀਂ ਕੱਢਦਾ ਜਾਂ ਮੁਸਕਰਾਉਂਦਾ ਨਹੀਂ।

*ਛੋਟੇ ਬੱਚੇ ਨੂੰ ਸਿੱਖਣ ਵਿੱਚ ਮੱਦਦ ਕਰਨ ਦੇ ਲਈ ਤੁਸੀਂ ਕੀ ਕਰ ਸਕਦੇ ਹੋ*
ਆਪਣੇ ਬੱਚੇ ਨੂੰ ਨਹਾਉਂਦੇ, ਕੱਪੜੇ ਪਹਿਨਾਉਂਦੇ ਜਾਂ ਖੁਆਉਂਦੇ-ਪਿਆਉਂਦੇ ਸਮੇਂ ਉਹਨਾਂ ਨਾਲ ਖੂਬ ਗੱਲਾਂਬਾਤਾਂ ਕਰੋ।
ਗਾਣੇ ਜਾਂ ਨਰਸਰੀ ਰਾਈਮਜ਼ ਗਾਕੇ ਸੁਣਾਉ।
“ਪੀਅ-ਕੇ-ਬੂ” ਵਰਗੇ ਆਸਾਨ ਖੇਡ ਉਹਨਾਂ ਨਾਲ ਖੇਡੋ।
ਆਪਣੇ ਬੱਚੇ ਨੂੰ ਤਸਵੀਰਾਂ ਵਾਲੀਆਂ ਪੁਸਤਕਾਂ ਦਿਖਾਉ ਅਤੇ ਉਹਨਾਂ ਵਿੱਚ ਜੋ ਕੁਝ ਹੈ, ਉਸਦੇ ਬਾਰੇ ਗੱਲਬਾਤ ਕਰੋ।

**Panel 3**

**12 ਮਹੀਨੇ ਦੀ ਉਮਰ ਤੱਕ ਜਿਆਦਾਤਰ ਬੱਚੇ ਇਹ ਕਰਨਗੇ :**

- ਆਪਣਾ ਖੁਦ ਦਾ ਨਾਂ ਸਮਝਣਗੇ
- "ਬਾਏ-ਬਾਏ" ਜਾਂ "ਉੱਠੋ" ਵਰਗੇ ਲਫਜ਼ ਸਮਝਣਗੇ
- "ਬਾ-ਬਾ, ਨਾ-ਨਾ, ਗਾ-ਗਾ" ਵਰਗੀਆਂ ਆਵਾਜਾਂ ਕੱਢਣਗੇ
- ਹੱਸਣਗੇ ਅਤੇ ਤੁਹਾਡੀ ਤਰ੍ਹਾਂ ਆਵਾਜ ਕੱਢਣ ਦਾ ਅਭਿਆਸ ਕਰਨਗੇ

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ:*
ਜਦੋਂ ਤੁਸੀਂ "ਬਾਏ-ਬਾਏ" ਕਹੋ ਤਾਂ ਵੀ ਤੁਹਾਡਾ ਬੱਚਾ ਹੱਥ ਨਾ ਹਿਲਾਏ।
ਤੁਹਾਡਾ ਬੱਚਾ ਚੀਜਾਂ ਪਹੁੰਚਕੇ ਜਾਂ ਦੇਖਕੇ ਤੁਹਾਨੂੰ ਦੱਸਣ ਦੀ ਕੋਸ਼ਿਸ਼ ਨਾ ਕਰੇ।
ਤੁਹਾਡੇ ਬੱਚੇ ਦੇ ਕੰਨ ਵਿੱਚ 2 ਜਾਂ ਜਿਆਦਾ ਵਾਰੀ ਇਨਫੈਕਸ਼ਨ ਹੋਈ।
ਤੁਹਾਡਾ ਬੱਚਾ ਆਵਾਜ ਨਹੀਂ ਕੱਢਦਾ ਜਾਂ ਬਾ-ਬਾ ਨਹੀਂ ਕਰਦਾ।
ਤੁਹਾਡਾ ਬੱਚਾ ਦੂਸਰਿਆਂ ਵਿੱਚ ਰੁਚੀ ਨਹੀਂ ਰੱਖਦਾ ਜਾਂ ਉਹਨਾਂ ਵੱਲ ਧਿਆਨ ਨਹੀਂ ਦਿੰਦਾ।

**15 ਮਹੀਨੇ ਦੀ ਉਮਰ ਤੱਕ ਜਿਆਦਾਤਰ ਬੱਚੇ ਇਹ ਕਰਨਗੇ :**

- ਆਵਾਜ ਕਰਦੇ ਹੋਏ ਦਿਸ਼ਾ ਬਦਲਣਗੇ
- 2 ਜਾਂ 3 ਸ਼ਬਦ ਬੋਲਣਗੇ, ਪਰ ਸਪੱਸ਼ਟ ਨਹੀਂ
- "ਨਹੀਂ" ਸਮਝਣਗੇ ਅਤੇ ਆਪਣਾ ਸਿਰ ਹਿਲਾਉਣਗੇ
- ਜੋ ਚੀਜ ਉਹਨਾਂ ਨੂੰ ਚਾਹੀਦੀ ਹੈ ਉਸਦੇ ਵੱਲ ਵਧਣਗੇ ਜਾਂ ਉਸਦੇ ਵੱਲ ਇਸ਼ਾਰਾ ਕਰਨਗੇ, ਆਵਾਜ ਕੱਢਦੇ ਹੋਏ
- ਸਰਲ ਸਵਾਲ ਸਮਝਣਗੇ, ਜਿਵੇਂ ਕਿ "ਤੁਹਾਡਾ ਨੱਕ ਕਿੱਥੇ ਹੈ"? "ਆਪਣੀ ਜੁੱਤੀ ਦਿਖਾਉ"
- ਰਾਈਮਜ਼ ਪਸੰਦ ਕਰਨਗੇ ਅਤੇ ਉਹਨਾਂ ਵਿੱਚ ਆਪਣਾ ਸਾਥ ਦੇਣਗੇ

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ :*
ਤੁਹਾਡੇ ਬੱਚੇ ਨੂੰ ਕੀ ਚਾਹੀਦਾ ਹੈ ਇਹ ਤੁਹਾਨੂੰ ਦੱਸਣ ਦੇ ਲਈ ਸ਼ਬਦ ਕਹਿਣ, ਆਵਾਜ ਕੱਢਣ, ਜਾਂ ਇਸ਼ਾਰਾ ਕਰਨ ਦਾ ਯਤਨ ਨਾਂ ਕਰੇ।

**Panel 4**

**18 ਮਹੀਨੇ ਦੀ ਉਮਰ ਤੱਕ ਜਿਆਦਾਤਰ ਬੱਚੇ ਇਹ ਕਰਨਗੇ :**

- ਸ਼ਬਦ ਸਮਝਣਗੇ ਅਤੇ ਸਰੀਰ ਦੇ ਹਿੱਸਿਆਂ ਵੱਲ ਇਸ਼ਾਰਾ ਕਰਨਗੇ, ਜਿਵੇਂ ਕਿ “ਨੱਕ, ਕੰਨ”
- ਚੀਜਾਂ ਲੱਭਣਗੇ, ਜਦੋਂ ਉਹਨਾਂ ਨੂੰ ਕਿਹਾ ਜਾਏ “ਆਪਣੀ ਟੋਪੀ ਲਿਆਉ”
- ਤੁਹਾਡੀ ਤਰ੍ਹਾਂ ਨਵੇਂ ਇਸ਼ਾਰੇ ਕਰਨਗੇ ਜਾਂ ਸ਼ਬਦ ਬੋਲਣਗੇ
- ਇਸ਼ਾਰੇ ਕਰਨਗੇ ਜਿਵੇਂ ਕਿ “ਜਿਆਦਾ” ਜਾਂ “ਦੁਬਾਰਾ”

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ :*

ਤੁਹਾਡਾ ਬੱਚਾ ਤੁਹਾਡੀ ਤਰ੍ਹਾਂ ਇਸ਼ਾਰੇ ਜਾਂ ਆਵਾਜ ਕੱਢਣਾ ਨਾਂ ਸ਼ੁਰੂ ਕਰੇ।
ਤੁਹਾਡਾ ਬੱਚਾ ਸ਼ਬਦਾਂ ਦਾ ਇਸਤੇਮਾਲ ਕਰਨਾ ਸ਼ੁਰੂ ਕਰੇ, ਪਰ ਫਿਰ ਰੁਕ ਜਾਵੇ।
ਤੁਹਾਡਾ ਬੱਚਾ ਬੋਲਣ ਦੀ ਕੋਸ਼ਿਸ਼ ਨਾ ਕਰੇ।
ਤੁਹਾਡਾ ਬੱਚਾ ਇਸਤਰ੍ਹਾਂ ਦੇ ਖਿਡਾਉਣਿਆਂ ਦੇ ਨਾਲ ਖੇਡਣਾ ਪਸੰਦ ਨਾਂ ਕਰੇ ਜੋ ਆਵਾਜ ਕੱਢਦੇ ਹਨ ਜਾਂ ਕੁਝ ਹੋਰ ਕਰਕੇ ਦਿਖਾਉਂਦੇ ਹਨ।

**21 ਮਹੀਨੇ ਦੀ ਉਮਰ ਤੱਕ ਜਿਆਦਾਤਰ ਬੱਚੇ ਇਹ ਕਰਨਗੇ :**

- “ਮੈਕਡਾਨਲ ਕਿੱਥੇ ਹੈ” ਪੁੱਛੇ ਜਾਣ ਤੇ ਫੋਟੋ ਜਾਂ ਸਾਈਨ ਦੇ ਵੱਲ ਇਸ਼ਾਰਾ ਕਰਨਗੇ
- ਖਿਡਾਉਣਿਆਂ ਦੇ ਨਾਲ ਖੇਡਣਗੇ ਅਤੇ ਬਹਾਨੇ ਨਾਲ ਨੂੰ ਗੁੱਡੀ ਨੂੰ ਖੁਆ-ਪਿਆ ਰਹੇ ਹੋਣਗੇ ਜਾਂ ਕਾਰ ਵਿੱਚ ਜਾ ਰਹੇ ਹੋਣਗੇ
- ਲਗਭਗ 10 ਜਾਂ ਜਿਆਦਾ ਸ਼ਬਦ ਬੋਲਣਗੇ
- “ਆਪਣਾ ਜੂਸ ਪੀਉ” ਜਾਂ ਬੈਠ ਜਾਉ ਵਰਗੇ ਆਦੇਸ਼ਾਂ ਦਾ ਪਾਲਣ ਕਰਨਗੇ

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ :*

ਤੁਹਾਡਾ ਬੱਚਾ ਸਿਰਫ ਲਗਭਗ 5 ਸ਼ਬਦ ਹੀ ਬੋਲਦਾ ਹੈ।
ਤੁਹਾਡਾ ਬੱਚਾ ਖਿਡਾਉਣਿਆਂ ਦੇ ਨਾਲ ਬਹਾਨੇਬਾਜ਼ੀ ਖੇਡ ਨਹੀਂ ਖੇਡਦਾ।

**Panel 5**

**24 ਮਹੀਨੇ ਦੀ ਉਮਰ ਤੱਕ ਜਿਆਦਾਤਰ ਬੱਚੇ ਇਹ ਕਰਨਗੇ :**

- ਜਿੰਨਾਂ ਬੋਲਦੇ ਹਨ ਉਸਤੋਂ ਜਿਆਦਾ ਸਮਝਣਗੇ
- ਦੋ ਸ਼ਬਦ ਨਾਲ ਨਾਲ ਬੋਲਣਗੇ ਜਿਵੇਂ ਕਿ “ਜਿਆਦਾ ਦੁੱਧ”
- ਬੋਲਣਗੇ “ਉਹ ਕੀ ਹੈ” (ਹੋ ਸਕਦਾ ਹੈ ਕਿ ਸ਼ਬਦ ਸਾਫ ਅਤੇ ਸਪੱਸ਼ਟ ਨਾ ਹੋਣ)
- ਕਈ ਸਾਰੀਆਂ ਚੀਜਾਂ ਦੇ ਵਿੱਚੋਂ ਕੋਈ ਇੱਕ ਚੀਜ ਕੱਢਣਗੇ, ਜਿਵੇਂ ਕਿ ਕੱਪ

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ :*
ਤੁਹਾਨੂੰ ਸਮਝਣ ਵਿੱਚ ਕਠਨਾਈ ਹੁੰਦੀ ਹੈ ਕਿ ਤੁਹਾਡਾ ਬੱਚਾ ਕੀ ਬੋਲ ਰਿਹਾ ਹੈ।
ਤੁਹਾਡਾ ਬੱਚਾ ਬਹੁਤ ਘੱਟ ਸ਼ਬਦ ਵਰਤਦਾ ਹੈ ਜਾਂ ਸ਼ਬਦਾਂ ਨੂੰ ਜੋੜਦਾ ਨਹੀਂ।
ਤੁਹਾਡੇ ਬੱਚੇ ਦੇ ਕੰਨ ਵਿੱਚ ਬਾਰ-ਬਾਰ ਇਨਫੈਕਸ਼ਨ ਹੁੰਦੀ ਹੈ।
ਤੁਹਾਡਾ ਬੱਚਾ ਦੂਸਰਿਆਂ ਦੇ ਬਾਰੇ ਅਣਜਾਣ ਹੈ ਜਾਂ ਉਹਨਾਂ ਵਿੱਚ ਰੁਚੀ ਨਹੀਂ ਰੱਖਦਾ।

*ਇਸ ਉਮਰ ਵਿੱਚ ਤੁਸੀਂ ਆਪਣੇ ਬੱਚੇ ਦੀ ਸਿੱਖਣ ਵਿੱਚ ਕਿਵੇਂ ਮੱਦਦ ਕਰ ਸਕਦੇ ਹੋ?*
ਆਪਣੇ ਬੱਚੇ ਨਾਲ ਸਰਲ, ਸਪੱਸ਼ਟ ਅਤੇ ਹੌਲੀ-ਹੌਲੀ ਬੋਲੋ।
ਆਪਣੇ ਬੱਚੇ ਵੱਲ ਦੇਖੋ ਜਦੋਂ ਉਹ ਤੁਹਾਡੇ ਨਾਲ ਗੱਲ ਕਰ ਰਿਹਾ ਹੋਵੇ।ਆਪਣੇ ਬੱਚੇ ਦੇ ਗੱਲ ਕਰਨ ਦੇ ਯਤਨ ਦੀ ਸ਼ਲਾਘਾ ਕਰੋ।
ਬੱਚਿਆਂ ਵਾਲਾ ਸੰਗੀਤ ਵਜਾਉ ਅਤੇ ਆਪਣੇ ਬੱਚੇ ਨੂੰ ਕਹਾਣੀਆਂ ਸੁਣਾਉ।
ਨਵੀਆਂ ਜਗ੍ਹਾਵਾਂ ਅਤੇ ਅਨੁਭਵਾਂ ਦੇ ਬਾਰੇ ਗੱਲਾਂ ਕਰੋ, ਉੱਥੇ ਜਾਣ ਤੋਂ ਪਹਿਲਾਂ, ਜਦੋਂ ਉੱਥੇ ਹੋਵੇ, ਅਤੇ ਘਰ ਮੁੜਨ ਤੋਂ ਬਾਅਦ।
ਬੱਚੇ ਜੋ ਕਹੇ ਉਸਨੂੰ ਅੱਗੇ ਵਧਾਉ। ਜੇਕਰ ਬੱਚਾ ਕਹਿੰਦਾ ਹੈ “ਕੁੱਤਾ”, ਤੁਸੀਂ ਕਹੋ, “ਵੱਡਾ ਕੁੱਤਾ”।
ਨਰਸਰੀ ਰਾਈਮਜ਼ ਹਾਵਭਾਵ ਦੇ ਨਾਲ ਕਹੋ।

## Panel 6

*ਬੱਚੇ ਦੇ ਬੋਲਣ ਅਤੇ ਭਾਸ਼ਾ ਦਾ ਵਿਕਾਸ ਕਿਵੇਂ ਹੁੰਦਾ ਹੈ?*
2 ਅਤੇ 5 ਸਾਲ ਦੀ ਉਮਰ ਦੇ ਵਿਚਾਲੇ, ਜਿਆਦਾਤਰ ਬੱਚੇ ਕਾਫੀ ਕੁਝ ਸਿੱਖ ਜਾਂਦੇ ਹਨ। ਉਹਨਾਂ ਦੇ ਬੋਲਣ ਵਾਲੇ ਸ਼ਬਦਾਂ ਦੀ ਸੰਖਿਆ ਛੇਤੀ ਵਧਦੀ ਹੈ। ਉਹ ਜਿਆਦਾ ਬੋਲਦੇ ਹਨ ਅਤੇ ਕਾਫੀ ਸਵਾਲ ਪੁੱਛਦੇ ਹਨ। ਉਹ ਕਹਾਣੀਆਂ ਅਤੇ ਸੰਗੀਤ ਸੁਣਨ ਦਾ ਆਨੰਦ ਮਾਣਦੇ ਹਨ। ਕਈ ਵਾਰ ਤਾਂ ਉਹ ਤੁਹਾਨੂੰ ਇੱਕ ਹੀ ਕਹਾਣੀ ਨੂੰ ਵਾਰ-ਵਾਰ ਪੜਨ ਨੂੰ ਕਹਿਣਗੇ। ਕਈ ਵਾਰ ਤਾਂ ਉਹਨਾਂ ਨੂੰ ਸ਼ਬਦ ਇੰਨੀ ਚੰਗੀ ਤਰ੍ਹਾਂ ਯਾਦ ਹੋ ਜਾਂਦੇ ਹਨ ਕਿ ਲੱਗੇਗਾ ਕਿ ਉਹ ਆਪ ਹੀ ਪੜ ਰਹੇ ਹਨ। ਜਦੋਂ ਤੱਕ ਬੱਚਾ ਸਕੂਲ ਜਾਣ ਦੇ ਯੋਗ ਹੋ ਜਾਏ, ਉਸਨੂੰ ਚੰਗੀ ਬੋਲਣਾ ਅਤੇ ਸੁਣਨਾ ਆ ਜਾਣਾ ਚਾਹੀਦਾ ਹੈ। ਆਵਾਜਾਂ ਦੇ ਬਾਰੇ ਸਿੱਖਣਾ, ਬੱਚੇ ਨੂੰ ਅੱਗੇ ਚੱਲਕੇ ਪੜ੍ਹਨ ਅਤੇ ਲਿਖਣ ਲਈ ਤਿਆਰ ਕਰਦਾ ਹੈ।

**2 ਅਤੇ 5 ਸਾਲ ਦੇ ਵਿਚਾਲੇ, ਜਿਆਦਾਤਰ ਬੱਚੇ ਇਹ ਕਰਨਗੇ :**
- ਛੋਟੇ ਵਾਕ ਦਾ ਇਸਤੇਮਾਲ ਕਰਨਗੇ, ਜਿਵੇਂ ਕਿ “ਮੈਂ ਇਹ ਕਰਦਾਂ”, “ਡੈਡੀ ਕਾਰ ਜਾਂਦੇ”
- ਸਰਲ ਆਦੇਸ਼ ਦਾ ਪਾਲਣ ਕਰਨਗੇ, ਜਿਵੇਂ ਕਿ “ਟੈਡੀ ਬਿਅਰ ਨੂੰ ਬਿਸਤਰੇ ਤੇ ਸੁਆ ਦਿਉ”
- ਕੁਝ ਚੀਜਾਂ ਨੂੰ ਸਹੀ ਜਗ੍ਹਾ ਤੇ ਰੱਖਣਗੇ ਜੇਕਰ ਆਪ ਕਹੋ ਉਸਦੇ “ਅੰਦਰ”, “ਉੱਪਰ” ਜਾਂ “ਥੱਲੇ”
- ਪਰਿਵਾਰ ਦੇ ਲੋਕਾਂ ਜਾਂ ਹੋਰ ਜਾਣ-ਪਹਿਚਾਣ ਦੇ ਲੋਕਾਂ ਨਾਲ ਗੱਲਬਾਤ ਕਰਨਗੇ
- ਛੋਟੀਆਂ ਕਹਾਣੀਆਂ, ਗਾਣੇ ਅਤੇ ਰਾਈਮਜ਼ ਸੁਣਕੇ ਆਨੰਦ ਮਾਨਣਗੇ
- ਕਿਤਾਬ ਵਿੱਚ ਤਸਵੀਰ ਦੇ ਵੱਲ ਇਸ਼ਾਰਾ ਕਰਨਗੇ ਜਦੋਂ ਉਹਨਾਂ ਨੂੰ ਪੁੱਛਿਆ ਜਾਏ, “ਮੈਨੂੰ ਟਰੱਕ ਦਿਖਾਉ”
- ਸ਼ਬਦਾਂ ਦੇ ਅੰਤ ਨੂੰ ਉਸਦੇ ਨਾਲ ਜੋੜਨਾ ਸ਼ੁਰੂ ਕਰਨਗੇ, ਜਿਵੇਂ ਦੌੜ<u>ਨਾ</u>, ਖਿਡੌ<u>ਣੇ</u>

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ :*
ਆਪਣੀ ਗੱਲ ਕਰਨ ਦੀ ਕੋਸ਼ਿਸ਼ ਤੋਂ ਬੱਚਾ ਹਤਾਸ਼ ਹੁੰਦਾ ਦਿਖਦਾ ਹੈ।
ਤੁਹਾਨੂੰ ਸਮਝਣ ਵਿੱਚ ਦਿੱਕਤ ਹੁੰਦੀ ਹੈ ਕਿ ਤੁਹਾਡਾ ਬੱਚਾ ਕੀ ਬੋਲ ਰਿਹਾ ਹੈ।
ਤੁਹਾਡਾ ਬੱਚਾ 2 ਤੋਂ ਜਿਆਦਾ ਸ਼ਬਦ ਇੱਕਸਾਰ ਨਹੀਂ ਜੋੜਦਾ।
ਤੁਹਾਡਾ ਬੱਚਾ ਠੀਕ ਤਰ੍ਹਾਂ ਸੁਣਦਾ ਨਹੀਂ ਹੈ।

*ਇਸ ਉਮਰ ਵਿੱਚ ਤੁਸੀਂ ਆਪਣੇ ਬੱਚੇ ਦੀ ਸਿੱਖਣ ਵਿੱਚ ਕਿਵੇਂ ਮੱਦਦ ਕਰ ਸਕਦੇ ਹੋ?*
ਤੁਹਾਡਾ ਬੱਚਾ ਤੁਹਾਨੂੰ ਕੁਝ ਬੋਲ ਰਿਹਾ ਹੋਵੇ ਤਾਂ ਉਹਨੂੰ ਸੁਣੋ। ਇਹ ਦਿਖਾਉਣ ਲਈ ਕਿ ਤੁਸੀਂ ਸਮਝ ਰਹੇ ਹੋ, ਆਪਣਾ ਸਿਰ ਹਿਲਾਉ ਜਾਂ ਮੁਸਕਰਾਉ।
ਜਦੋਂ ਤੁਹਾਡਾ ਬੱਚਾ ਕੋਈ ਸਵਾਲ ਪੁੱਛੇ ਤਾਂ ਉਸਦਾ ਉੱਤਰ ਦਿਉ।
ਆਪਣੇ ਬੱਚੇ ਨੂੰ ਦੂਸਰੇ ਬੱਚਿਆਂ ਦੇ ਨਾਲ ਖੇਡਣ ਦਿਉ।

**Panel 7**

**3 ਅਤੇ 4 ਸਾਲ ਦੇ ਵਿਚਾਲੇ, ਜਿਆਦਾਤਰ ਬੱਚੇ ਇਹ ਕਰਨਗੇ :**

- 4-6 ਸ਼ਬਦਾਂ ਦੇ ਵਾਕਾਂ ਦਾ ਇਸਤੇਮਾਲ ਕਰਨਗੇ
- ਆਦੇਸ਼ ਦੇਣਗੇ, ਜਿਵੇਂ "ਮੇਰੇ ਲਈ ਇਹ ਬਣਾਉ"
- ਕਈ ਸਵਾਲ ਪੁੱਛਣਗੇ, ਜਿਵੇਂ ਕੀ, ਕਿੱਥੇ, ਕਿਉਂ
- ਜੋ ਉਹਨਾਂ ਨੇ ਕੀਤਾ ਉਸਦੇ ਬਾਰੇ ਤੁਹਾਨੂੰ ਦੱਸਣਗੇ
- ਖੁਦ ਨਾਲ ਅਤੇ ਖਿਡਾਉਣਿਆਂ ਦੇ ਨਾਲ ਗੱਲਾਂ ਕਰਨਗੇ
- ਕਹਾਣੀ ਸੁਣਾਉਣਗੇ ਜਾਂ ਗਾਣਾ ਗਾਉਣਗੇ
- ਤੁਹਾਨੂੰ ਦੱਸ ਸਕਣਗੇ ਕਿ ਉਹ ਥੱਕ ਗਏ ਹਨ

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ :*
ਤੁਹਾਡਾ ਬੱਚਾ ਸ਼ਬਦਾਂ ਨੂੰ ਦੁਹਰਾਉਂਦਾ ਹੈ, ਪਰ ਸਮਝਦਾ ਨਹੀਂ।
ਤੁਹਾਡੇ ਬੱਚੇ ਨੂੰ ਹੱਕ ਪੈਂਦੀ ਹੈ।
ਦੂਜਿਆਂ ਲੋਕਾਂ ਨੂੰ ਸਮਝਣ ਵਿੱਚ ਦਿੱਕਤ ਹੁੰਦੀ ਹੈ ਕਿ ਬੱਚਾ ਕੀ ਬੋਲ ਰਿਹਾ ਹੈ।
ਤੁਹਾਡਾ ਬੱਚਾ ਅਸਧਾਰਣ ਤਰੀਕੇ ਨਾਲ ਸ਼ਬਦਾਂ ਦਾ ਇਸਤੇਮਾਲ ਕਰਦਾ ਹੈ।

*ਇਸ ਉਮਰ ਵਿੱਚ ਤੁਸੀਂ ਆਪਣੇ ਬੱਚੇ ਦੀ ਸਿੱਖਣ ਵਿੱਚ ਕਿਵੇਂ ਮੱਦਦ ਕਰ ਸਕਦੇ ਹੋ?*
ਗੱਲ ਕਰੋ ਕਿ ਚੀਜਾਂ ਕਿਵੇਂ ਇਕ-ਸਮਾਨ ਹਨ ਤੇ ਕਿਵੇਂ ਭਿੰਨ ਹਨ।
ਆਪਣੇ ਬੱਚੇ ਦੀ ਭਾਵਨਾਵਾਂ ਅਤੇ ਵਿਚਾਰ ਦਰਸਾਉਣ ਵਿੱਚ ਮੱਦਦ ਕਰੋ।
ਉਹਨਾਂ ਸ਼ਬਦਾਂ ਅਤੇ ਧੁਨੀਆਂ ਦਾ ਇਸਤੇਮਾਲ ਕਰੋ ਜਿਹਨਾਂ ਨਾਲ ਤੁਹਾਡੇ ਬੱਚੇ ਨੂੰ ਦਿੱਕਤ ਹੈ। ਆਪਣੇ ਬੱਚੇ ਨੂੰ ਆਪਣਾ ਮੂੰਹ ਦੇਖਣ ਨੂੰ ਕਹੋ, ਜਦੋਂ ਤੁਸੀਂ ਸਾਫ-ਸਾਫ ਆਵਾਜ ਕੱਢਦੇ ਹੋਵੋ।
ਇਸਤਰ੍ਹਾਂ ਦੀ ਧੁਨੀ ਵਜਾਉ, ਜਿਵੇਂ "ਗਾਂ ਬੋਲੀ ਮੂਅਅ"।
ਲੰਬੀਆਂ ਕਹਾਣੀਆਂ ਪੜ੍ਹੋ ਅਤੇ ਜਿਆਦਾ ਹਾਵਭਾਵਾਂ ਦਾ ਇਸਤੇਮਾਲ ਕਰੋ।
ਆਪਣੇ ਬੱਚੇ ਨੂੰ ਬਾਰ-ਬਾਰ ਪੜਕੇ ਸੁਣਾਉ ਅਤੇ ਉਸਨੂੰ ਕਿਤਾਬਾਂ ਅਤੇ ਚਿੱਤਰਾਂ ਦੇ ਸਹਾਰੇ ਕਹਾਣੀ ਸੁਣਾਉਣ ਦੇ ਲਈ ਉਤਸ਼ਾਹਤ ਕਰੋ।
ਇਸਤਰ੍ਹਾਂ ਦੇ ਸਵਾਲ ਪੁੱਛੋ ਜੋ ਆਪਦੇ ਬੱਚੇ ਨੂੰ ਗੱਲ ਕਰਨ ਦੇ ਲਈ ਉਤਸ਼ਾਹਤ ਕਰਨ।
ਜਦੋਂ ਤੁਸੀਂ ਆਪਣੇ ਬੱਚੇ ਨੂੰ ਕਿਤਾਬ ਪੜਕੇ ਸੁਣਾ ਰਹੇ ਹੋਵੋ, ਉਦੋਂ ਤਸਵੀਰਾਂ ਦੇ ਬਾਰੇ ਸਵਾਲ ਪੁੱਛੋ, ਜਿਵੇਂ ਕਿ "ਕੁੱਤਾ ਕਿੱਥੇ ਹੈ?", "ਕੁੱਤਾ ਕੀ ਕਰ ਰਿਹਾ ਹੈ?"
ਯਾਦਾਸ਼ਾਤ ਵਾਲੇ ਖੇਡ ਖੇਡੋ। ਆਪਣੇ ਬੱਚੇ ਨੂੰ ਕਹੋ ਕਿ ਉਹ ਸਾਰੀ ਚੀਜਾਂ ਦੱਸੇ ਜੋ ਉਸਨੇ ਸਟੋਰ ਤੇ ਦੇਖੀਆਂ ਹਨ।

**Panel 8**

**5 ਸਾਲ ਦੀ ਉਮਰ ਤੱਕ, ਜਿਆਦਾਤਰ ਬੱਚੇ ਇਹ ਕਰਨਗੇ :**

- ਇਸਤਰ੍ਹਾਂ ਦੇ ਵਾਕਾਂ ਦਾ ਇਸਤੇਮਾਲ ਕਰਨਗੇ ਜੋ ਲਗਭਗ ਵੱਡਿਆਂ ਵਰਗੇ ਸੁਣਦੇ ਹਨ।
- ਗੱਲਬਾਤ ਦੀਆਂ ਜਿਆਦਾਤਰ ਧੁਨੀਆਂ ਨੂੰ ਸਹੀ ਤੌਰ ਤੇ ਕੱਢ ਸਕਣਗੇ
- ਜਾਣੇ-ਪਹਿਚਾਣੇ ਸ਼ਬਦਾਂ ਦਾ ਮਤਲਬ ਦੱਸ ਸਕਣਗੇ
- ਵਾਕਾਂ ਦਾ ਇਸਤੇਮਾਲ ਕਰਨਗੇ, ਚੀਜਾਂ ਅਤੇ ਘਟਨਾਵਾਂ ਦਾ ਵਰਨਣ ਕਰਨ ਦੇ ਲਈ
- ਵਰਨਣ ਕਰਨਗੇ ਕਿ ਸਰਲ ਸਮੱਸਿਆ ਕਿਵੇਂ ਸੁਝਾਈ ਜਾ ਸਕਦੀ ਹੈ
- ਆਮ ਆਦੇਸ਼ਾ ਦਾ ਪਾਲਣ ਕਰਨਗੇ, ਜਿਵੇਂ "ਆਪਣੇ ਕ੍ਰੇਆਨ ਲਿਆਉ", "ਚਿੱਤਰ ਬਣਾਉ ਅਤੇ ਫਰਿੱਜ ਤੇ ਲਗਾਉ"
- ਜਾਣੇ-ਪਹਿਚਾਣੇ ਸਾਈਨ ਪਹਿਚਾਨਣਗੇ, ਜਿਵੇਂ ਸਟਾਪ ਸਾਈਨ
- ਖੁਦ ਦੇ ਬਣਾਏ ਅੱਖਰ ਅਤੇ ਆਪਣੀਆਂ ਧੁਨੀਆਂ ਪਹਿਚਾਨਣ ਲੱਗਣਗੇ

*ਤੁਸੀਂ ਸਹਾਇਤਾ ਮੰਗਣ ਦੇ ਲਈ ਕਦੋਂ ਫੋਨ ਕਰੋਂ :*

ਤੁਹਾਡਾ ਬੱਚਾ ਪੂਰੇ-ਪੂਰੇ ਵਾਕਾਂ ਦਾ ਇਸਤੇਮਾਲ ਨਹੀਂ ਕਰਦਾ।
ਤੁਹਾਡਾ ਬੱਚਾ ਦੂਸਰੇ ਬੱਚਿਆਂ ਦੇ ਨਾਲ ਗੱਲ ਕਰਨਾ ਪਸੰਦ ਨਹੀਂ ਕਰਦਾ।
ਤੁਹਾਡੇ ਬੱਚੇ ਨੂੰ ਆਦੇਸ਼ਾਂ ਦਾ ਪਾਲਣ ਕਰਨ ਦੇ ਵਿੱਚ ਦਿੱਕਤ ਹੁੰਦੀ ਹੈ।

*ਇਸ ਉਮਰ ਵਿੱਚ ਤੁਸੀਂ ਆਪਣੇ ਬੱਚੇ ਦੀ ਸਿੱਖਣ ਵਿੱਚ ਕਿਵੇਂ ਮੱਦਦ ਕਰ ਸਕਦੇ ਹੋ?*

ਆਪਣੇ ਬੱਚੇ ਨੂੰ ਕਹਾਣੀ ਬਾਰ-ਬਾਰ ਪੜਕੇ ਸੁਣਾਉ ਅਤੇ ਗੱਲ ਕਰੋ ਕਿ ਕਹਾਣੀ ਦੀ ਸ਼ੁਰੂਆਤ, ਵਿੱਚ ਅਤੇ ਅੰਤ ਵਿੱਚ ਕੀ ਹੋਇਆ।
ਆਪ ਜਿਵੇਂ ਜਿਵੇਂ ਪੜੋ, ਆਪਣੇ ਬੱਚੇ ਤੋਂ ਪੁੱਛੋ, "ਤੈਨੂੰ ਕੀ ਲੱਗਦਾ ਹੈ ਕਿ ਅੱਗੇ ਕੀ ਹੋਵੇਗਾ?"
ਕੁਝ ਸ਼ਬਦਾਂ ਤੇ ਤਾੜੀ ਵਜਾਉ, ਜਿਵੇਂ ਕਿ ਟੂਥਬਰਸ਼।

**Panel 9 – Back Page**

**ਜੇਕਰ ਆਪ ਆਪਣੇ ਬੱਚੇ ਦੀ ਬੋਲੀ ਅਤੇ ਭਾਸ਼ਾ ਦੇ ਵਿਕਾਸ ਦੇ ਬਾਰੇ ਪਰੇਸ਼ਾਨ ਹੋ ਅਤੇ ਆਪਦਾ ਬੱਚਾ 5 ਸਾਲ ਦੀ ਉਮਰ ਤੋਂ ਘੱਟ ਹੈ, ਤਾਂ ਕ੍ਰਿਪਾ ਕਰਕੇ ਇੰਤਜਾਰ ਨਾ ਕਰੋ !**

ਜਾਣਕਾਰੀ ਅਤੇ ਰਿਫਰਲ ਦੇ ਲਈ ਫੋਨ ਕਰੋ 416-338-8255 (ਆਵਾਜ)
ਜਾਂ 416-338-0025(TTY)
www.tpsls.on.ca
email address : tpsls@toronto.ca

ਜਾਂ ਆਪਣੇ ਸਥਾਨੀ ਦਫਤਰ ਨੂੰ ਸਿੱਧਾ ਫੋਨ ਕਰੋ, ਪ੍ਰੀ-ਸਕੂਲ ਸਪੀਚ ਅਤੇ ਭਾਸ਼ਾ ਦੀਆਂ ਸੇਵਾਵਾਂ ਦੇ ਲਈ।

ਪੂਰਬੀ ਵਿਭਾਗ 416-281-7445
(ਭੂਤਪੂਰਵ ਸਕਾਰਬਰੋ)
ਰੂਜ਼ ਵੈਲੀ ਹੈਲਥ ਸਿਸਟਮ
ਸੈਂਟਨਰੀ ਸਾਈਟ

ਉੱਤਰੀ ਵਿਭਾਗ 416-491-1230
(ਭੂਤਪੂਰਵ ਉੱਤਰੀ ਯੌਰਕ)
ਉੱਤਰੀ ਯੋਰਕ ਜਨਰਲ ਹਸਪਤਾਲ

ਦੱਖਣੀ ਵਿਭਾਗ 416-921-4498
(ਭੂਤਪੂਰਵ ਟੋਰਾਂਟੋ ਅਤੇ ਪੂਰਬੀ ਯੌਰਕ)
ਦੀ ਹੈਨਨ ਸੈਂਟਰ

ਪੱਛਮੀ ਵਿਭਾਗ 416-622-8315
(ਭੂਤਪੂਰਵ ਈਟੋਬੀਕੋ ਅਤੇ ਯੌਰਕ)
ਦੀ ਜੌਰਜ ਹੱਲ ਸੈਂਟਰ

ਫਰੈਂਚ ਭਾਸ਼ਾ ਸੇਵਾਵਾਂ
416-491-1230 (ਆਂ ਫਰਾਂਸੇ)
ਉੱਤਰੀ ਯੋਰਕ ਜਨਰਲ ਹਸਪਤਾਲ

ਇਹ ਸਮਗਰੀ ਲਈ ਗਈ ਹੈ *"ਫਰਸਟ ਵਰਡਜ਼" (ਔਟਵਾ-ਕਾਰਲਟਨ ਪ੍ਰੀ-ਸਕੂਲ ਸਪੀਚ ਅਤੇ ਭਾਸ਼ਾ ਦੀਆਂ ਸੇਵਾਵਾਂ) ਅਤੇ "ਦੀ ਲੈਂਗੂਏਜ਼ ਐਕਸਪ੍ਰੈਸ" (ਪ੍ਰੀ-ਸਕੂਲ ਸਪੀਚ ਅਤੇ ਭਾਸ਼ਾ ਦੀਆਂ ਸੇਵਾਵਾਂ, ਲਨਾਰਕ, ਲੀਡਜ਼ ਅਤੇ ਗ੍ਰੈਨਵਿਲ)* ਤੋਂ।